# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 06 ਮਈ 2025 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸ਼ਾਨਦਾਰ ਹੋ ਨਿੱਬੜਿਆ ਮਾਨਸਰੋਵਰ ਸਾਹਿਤ ਅਕਾਦਮੀ ਵੱਲੋਂ ਕਰਵਾਇਆ ਪੰਜਾਬੀ ਕਵੀ ਦਰਬਾਰ – ਸੂਦ ਵਿਰਕ

ਅਸ਼ੋਕ ਸ਼ਰਮਾ




ਫ਼ਗਵਾੜਾ 06 ਮਈ : ਪੰਜਾਬੀਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 04 ਮਈ 2025 ਦਿਨ ਐਤਵਾਰ ਨੂੰ ਲਾਈਵ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਬੂਟਾ ਗੁਲਾਮੀ ਵਾਲਾ, ਡਾ. ਜਗਦੀਪ ਕੌਰ ਆਹੂਜਾ, ਗੁਰਦੀਪ ਸਿੰਘ ਲੋਟੇ, ਯਸ਼ਵੀਰ ਸਿੰਘ, ਰਾਜੀਵ ਸੇਠ ਦਿੱਲੀ ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਯਸ਼ਵੀਰ ਸਿੰਘ ਨੇ ਬਾ ਕਮਾਲ ਕਵਿਤਾਵਾਂ ਪੇਸ਼ ਕੀਤੀਆਂ ਅਤੇ ਬੂਟਾ ਗੁਲਾਮੀ ਵਾਲਾ ਨੇ ਸ਼ਾਨਦਾਰ ਕਵਿਤਾਵਾਂ ਪੇਸ਼ ਕੀਤੀਆਂ। ਡਾ. ਜਗਦੀਪ ਕੌਰ ਆਹੂਜਾ ਨੇ ਵੀ ਭਾਵੁਕ ਕਵਿਤਾਵਾਂ ਨਾਲ ਖੂਬ ਸਮਾਂ ਬੰਨ੍ਹਿਆ। ਗੁਰਦੀਪ ਸਿੰਘ ਲੋਟੇ ਨੇ ਵੀ ਸਕੂਨ ਭਰਪੂਰ ਕਵਿਤਾਵਾਂ ਨਾਲ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਰਾਜੀਵ ਸੇਠ ਦਿੱਲੀ ਨੇ ਬਹੁਤ ਸੇਧ ਵਰਧਕ ਗੀਤਾਂ ਨਾਲ ਹਾਜ਼ਰੀ ਭਰੀ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਸੰਚਾਲਕ ਸੂਦ ਵਿਰਕ ਨੇ ਅਖ਼ੀਰ ਬੁਲੰਦ ਹੌਂਸਲਿਆਂ ਨਾਲ ਵਿਲੱਖਣ ਪਹਿਚਾਣ ਬਨ੍ਹਾਉਣ ਦਾ ਸੁਨੇਹਾ ਦਿੱਤਾ।

## ਰਾਏਸਰ ਵਿਖੇ ਆਯੁਸ਼ਮਾਨ ਅਰੋਗਤਾ ਕੇਂਦਰ ਵਿਖੇ ਪੰਚਾਇਤ ਵੱਲੋਂ ਕਰਵਾਈ ਸ਼ੈੱਡ ਦੀ ਸੇਵਾ

ਜਗਮੋਹਨ ਸ਼ਾਹ ਰਾਏਸਰ



ਮਹਿਲ ਕਲਾਂ, 6 ਮਈ : ਸਿਹਤ ਬਲਾਕ ਮਹਿਲ ਕਲਾਂ ਹੇਠ ਪੈਂਦੇ ਪਿੰਡ ਰਾਏਸਰ ਦੇ ਆਯੁਸ਼ਮਾਨ ਆਰੋਗਿਆ ਕੇਂਦਰ ਵਿਖੇ ਪਿੰਡ ਰਾਏਸਰ ਪੰਜਾਬ ਦੀ ਪੰਚਾਇਤ ਵੱਲੋਂ ਸ਼ਲਾਘਾਯੋਗ ਉਪਰਾਲਾ ਕਰਦਿੰਆਂ ਹੋਇਆਂ ਸਿਹਤ ਸੇਵਾਵਾਂ ਲੈਣ ਲਈ ਆਉਣ ਵਾਲੇ ਮਰੀਜ਼ਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ੈੱਡ ਦੀ ਸੇਵਾ ਕਰਵਾਈ ਗਈ। ਇਸ ਮੌਕੇ ਐਸ ਐਮ ਓ ਮਹਿਲ ਕਲਾਂ ਡਾ ਗੁਰਤੇਜਿੰਦਰ ਕੌਰ ਨੇ ਪਿੰਡ ਦੀ ਪੰਚਾਇਤ ਦਾ ਧੰਨਵਾਦ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਲਟੀਪਰਪਜ਼ ਹੈਲਥ ਵਰਕਰ ਮਨਪ੍ਰੀਤ ਸਿੰਘ ਨੇ ਦੱਸਿਆ ਸਿਹਤ ਕੇਂਦਰ ਵਿਖੇ ਆਉਣ ਵਾਲੇ ਮਰੀਜ਼ਾਂ ਨੂੰ ਗਰਮੀ ਅਤੇ ਧੁੱਪ ਵਿੱਚ ਬੈਠਣਾ ਪੈਂਦਾ ਸੀ ਜਿਸ ਕਰਕੇ ਮਰੀਜ਼ਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਪਰ ਹੁਣ ਪਿੰਡ ਦੀ ਪੰਚਾਇਤ ਦੇ ਸਹਿਯੋਗ ਸਦਕਾ ਸ਼ੈੱਡ ਦੀ ਸਹੂਲਤ ਹੋਣ ਕਾਰਨ ਉਹਨਾਂ ਨੂੰ ਬੈਠਣਾ ਆਸਾਨ ਹੋ ਜਾਵੇਗਾ। ਉਨ੍ਹਾਂ ਪਿੰਡ ਦੀ ਪੰਚਾਇਤ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਇਸ ਤਰਾਂ ਦੇ ਸਹਿਯੋਗ ਦੀ ਉਮੀਦ ਕੀਤੀ । ਇਸ ਮੌਕੇ ਸਰਪੰਚ ਸੁਰਿੰਦਰ ਕੌਰ,ਬਲਵੀਰ ਸਿੰਘ ,ਬਲਵੀਰ ਸਿੰਘ ਧਾਲੀਵਾਲ, ਹਰਪ੍ਰੀਤ ਸਿੰਘ, ਇੰਦਰਜੀਤ ਸਿੰਘ, ਬਲਵੀਰ ਸਿੰਘ ਗਿੱਲ ਅਤੇ ਆਯੁਸ਼ਮਾਨ ਅਰੋਗਿਆ ਕੇਂਦਰ ਰਾਏਸਰ ਦਾ ਸਮੂਹ ਸਟਾਫ਼ ਹਾਜ਼ਰ ਸਨ।

## *ਪੰਜਾਬੀ ਦੀ ਪ੍ਰਸਿੱਧ ਚਰਚਿਤ ਲੇਖਿਕਾ ਕਮਲ ਗਿੱਲ ਯੂ.ਕੇ. ਦਾ ਦੂਸਰਾ ਨਾਵਲ "ਅਧੂਰੀ ਕਹਾਣੀ" ਦਾ ਹੋਇਆ ਲੋਕ ਅਰਪਣ।

ਫ਼ਰੀਦਕੋਟ 6 ਮਈ : ਅੱਜ ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫ਼ਰੀਦਕੋਟ ਵੱਲੋਂ ਦੇਸ਼ ਭਗਤ ਪੰਡਿਤ ਚੇਤੰਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ, ਫ਼ਰੀਦਕੋਟ ਵਿਖੇ ਇੱਕ ਸ਼ਾਨਦਾਰ ਸਮਾਗਮ ਦੌਰਾਨ ਪੰਜਾਬੀ ਦੀ ਪ੍ਰਸਿੱਧ ਚਰਚਿਤ ਲੇਖਿਕਾ ਕਮਲ ਗਿੱਲ ਯੂ.ਕੇ ਦੇ ਦੂਸਰੇ ਨਾਵਲ "ਅਧੂਰੀ ਕਹਾਣੀ" ਦੀ ਘੁੰਡ ਚੁਕਾਈ ਕੀਤੀ ਗਈ।




ਪ੍ਰੈਸ ਨਾਲ ਗੱਲਬਾਤ ਕਰਦਿਆਂ ਸਭਾ ਦੇ ਜਰਨਲ ਸਕੱਤਰ ਜਸਵਿੰਦਰ ਜੱਸ ਨੇ ਦੱਸਿਆਂ ਕਿਹਾ ਕਿ ਮਾਣਮੱਤੀ ਲੇਖਿਕਾ ਕਮਲ ਗਿੱਲ ਵਿਸੇਸ਼ ਤੌਰ ਤੇ ਯੂ.ਕੇ. ਤੋਂ ਫ਼ਰੀਦਕੋਟ ਪਹੁੰਚੇ ਤੇ ਸਮੁੱਚੀ ਸਭਾ ਦਾ ਨਾਵਲ ਲੋਕ ਅਰਪਣ ਕਰਨ ਤੇ ਸ਼ੁਕਰਾਨਾ ਕੀਤਾ ਅਤੇ ਅੱਗੇ ਤੋਂ ਵੀ ਉਨਾਂ ਸਹਿਤਕ ਮੁਹੱਬਤੀ ਸਾਂਝ ਬਣਾਈ ਰੱਖਣ ਦੀ ਉਮੀਦ ਜਤਾਈ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਲੇਖਕ ਨਿੰਦਰ ਘੁਗਿਆਣਵੀ ਪ੍ਰੋਫੈਸਰ ਆਫ ਪ੍ਰੈਕਟਿਸ ਕੇਂਦਰੀ ਯੂਨਿਵਰਸਿਟੀ ਪੰਜਾਬ, ਵਿਸੇਸ਼ ਮਹਿਮਾਨ ਦੇ ਤੌਰ ਤੇ ਪੰਜਾਬੀ ਦੇ ਪ੍ਰਸਿੱਧ ਗਜ਼ਲਗੋ ਭਾਸ਼ਾ ਅਫਸਰ ਸ੍ਰੀ ਮਨਜੀਤ ਪੁਰੀ ਪਹੁੰਚੇ ਅਤੇ ਸਮਾਗਮ ਦੀ ਪ੍ਰਧਾਨਗੀ ਸੰਗੀਤ ਜਗਤ ਦੇ ਨਾਮਵਰ ਸੰਗੀਤਕਾਰ ਡਾ.ਰਾਜੇਸ਼ ਮੋਹਨ, ਪ੍ਰਿੰਸੀਪਲ, ਦੇਸ਼ ਭਗਤ ਪੰਡਿਤ ਚੇਤੰਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ, ਫ਼ਰੀਦਕੋਟ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਸਮੇਂ ਸਭਾ ਦੇ ਚੇਅਰਮੈਨ ਪ੍ਰੋ. ਬੀਰ ਇੰਦਰ ਸਰਾਂ ਵੱਲੋਂ ਸਭ ਨੂੰ ਜੀ ਆਇਆਂ ਕਿਹਾ। ਇਸ ਸਮੇਂ ਨਾਵਲ ਲੋਕ ਅਰਪਣ ਦੇ ਨਾਲ ਖੂਬਸੂਰਤ ਕਵੀ ਦਰਬਾਰ ਵੀ ਕਰਵਾਇਆ ਗਿਆ, ਜਿਸ ਵਿੱਚ ਵੱਖ ਵੱਖ ਕਾਵਿ-ਰੰਗ ਦੇਖਣ ਨੂੰ ਮਿਲੇ। ਅੰਤ ਵਿੱਚ ਆਪਣੇ-ਆਪਣੇ ਖੇਤਰ ਵਿੱਚ ਨਾਮਣਾ ਖੱਟਣ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆਂ, ਜਿੰਨਾ ਵਿਚ ਕਾਮਰੇਡ ਬੀਰ ਸਿੰਘ ਕੰਮੇਅਣਾ, ਲੇਖਿਕਾ ਰਸਪਿੰਦਰ ਕੌਰ, ਕ੍ਰਿਕਟ ਖਿਡਾਰਨ ਰੇਖਾ ਕੌਰ, ਲੋਕ ਗਾਇਕ ਜੀ. ਸ਼ਰਮੀਲਾ, ਜਸਕਰਨ ਸਿੰਘ ਗਿੱਲ ਯੂ.ਕੇ, ਪੱਤਰਕਾਰ ਤੇ ਡਿਜ਼ਾਈਨਰ ਜਤਿੰਦਰ ਸਿੰਘ ਰਾਵਤ ਅਤੇ ਕਰਮ ਸਿੰਘ ਮਹਿਮੀ ਆਦਿ ਸ਼ਾਮਲ ਸਨ। ਪੰਜਾਬੀ ਮਾਂ ਬੋਲੀ ਦੇ ਲਾਡਲੇ ਲੇਖਕ ਤੇ ਰੰਗਕਰਮੀ ਕਸ਼ਮੀਰ ਮਾਨਾ ਤੇ ਚਰਚਿਤ ਗਜ਼ਲਗੋ ਸਿਕੰਦਰ ਮਾਨਵ ਨੇ ਮੰਚ ਸੰਚਾਲਕ ਵਜੋਂ ਵਿਲੱਖਣ ਭੂਮਿਕਾ ਨਿਭਾਈ ਤੇ ਆਪਣੇ ਬੇਹਤਰੀਣ ਸ਼ੇਅਰਾਂ ਨਾਲ ਸਰੋਤਿਆਂ ਵਿਚ ਰਸਮਈ ਰੰਗ ਬਣਾਈ ਰੱਖਿਆ।

ਇਸ ਸਮੇਂ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸਰਬਿੰਦਰ ਸਿੰਘ ਬੇਦੀ, ਮੀਤ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋ , ਮੀਤ ਪ੍ਰਧਾਨ ਲੋਕ ਗਾਇਕ ਰਾਜ ਗਿੱਲ ਭਾਣਾ, ਸਹਾਇਕ ਵਿੱਤ ਸਕੱਤਰ ਕੇ.ਪੀ ਸਿੰਘ, ਕਾਨੂੰਨੀ ਸਲਾਹਕਾਰ ਪਰਦੀਪ ਸਿੰਘ ਅਟਵਾਲ, ਬਲਕਾਰ ਸਿੰਘ ਸਹੋਤਾ, ਮਨਮੋਹਨ ਮੋਹਣੀ, ਮੀਡੀਆ ਇੰਚਾਰਜ ਅਸੀਸ ਕੁਮਾਰ, ਚਰਨਜੀਤ ਸਿੰਘ ਚਮੇਲੀ, ਪ੍ਰਚਾਰ ਸਕੱਤਰ ਪਰਮਿੰਦਰ ਕਪੂਰ, ਹੈਰੀ ਭੋਲੂਵਾਲਾ, ਜਸਵੀਰ ਸ਼ਰਮਾ ਦੱਦਾਹੂਰ, ਪ੍ਰੀਤ ਭਗਵਾਨ, ਕੁਲਵਿੰਦਰ ਵਿਰਕ, ਮਨਜਿੰਦਰ ਗੋਲੀ, ਧਰਮ ਪ੍ਰਵਾਨਾ, ਜੀਤ ਕੰਮੇਅਣਾ, ਕੁਲਵੰਤ ਸਰੋਤਾ, ਬਲਦੇਵ ਇਕਵੰਨ, ਬਿੱਕਰ ਵਿਯੋਗੀ, ਕਰਨ ਦਰਦ, ਤੇਜਿੰਦਰ ਬਰਾੜ, ਸੁਖਵਿੰਦਰ ਸਿੰਘ ਗਿੱਲ, ਪ੍ਰੋ ਨਿਰਮਲ ਕੌਸ਼ਿਕ, ਸਰਬਜੀਤ ਸਿੰਘ, ਮਾਹੀ ਮਰਜਾਣਾ, ਲੋਕ ਗਾਇਕ ਗੁਲਾਬ ਫਰੀਦ ਆਦਿ ਹਾਜ਼ਰ ਸਨ।

## ਗ਼ਜ਼ਲ ਮੰਚ ਸਰੀ ਵੱਲੋਂ ਗ਼ਜ਼ਲ ਗਾਇਕੀ ਦੀ ਸੁਰਮਈ ਸ਼ਾਮ 11 ਮਈ 2025 ਨੂੰ

ਹਰਦਮ ਮਾਨ




ਸਰੀ, 6 ਮਈ : ਗ਼ਜ਼ਲ ਮੰਚ ਸਰੀ ਵੱਲੋਂ 11 ਮਈ 2025 (ਐਤਵਾਰ) ਨੂੰ ਰਿਫਲੈਕਸ਼ਨ ਬੈਂਕੁਇਟ ਹਾਲ ਸਰੀ (6638 152 ਏ ਸਟਰੀਟ) ਵਿਖੇ ਗ਼ਜ਼ਲ ਗਾਇਕੀ ਦੀ ਸੁਰਮਈ ਸ਼ਾਮ ਮਨਾਈ ਜਾ ਰਹੀ ਹੈ। ਗ਼ਜ਼ਲ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੱਸਿਆ ਹੈ ਕਿ ਬੀ.ਸੀ. ਦੇ ਉੱਘੇ ਬਿਜ਼ਨਸਮੈਨ ਅਤੇ ਸਾਹਿਤ, ਕਲਾ ਤੇ ਸਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਲੇ ਜਤਿੰਦਰ ਜੇ ਮਿਨਹਾਸ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਈ ਜਾ ਰਹੀ ਇਸ ਗ਼ਜ਼ਲ ਮਹਿਫ਼ਿਲ ਵਿਚ ਉੱਤਰੀ ਅਮਰੀਕਾ ਦੇ ਉੱਘੇ ਗ਼ਜ਼ਲ ਗਾਇਕ ਸੁਖਦੇਵ ਸਾਹਿਲ (ਕੈਲੀਫੋਰਨੀਆ), ਭਗਤਜੀਤ ਸਿੰਘ, ਪਰਖਜੀਤ ਸਿੰਘ, ਸੋਨਲ ਅਤੇ ਡਾ. ਰਣਦੀਪ ਮਲਹੋਤਰਾ ਆਪਣੇ ਸੁਰੀਲੇ ਸੁਰਾਂ ਨਾਲ ਸੰਗੀਤ ਪ੍ਰੇਮੀਆਂ ਨੂੰ ਸਰਸ਼ਾਰ ਕਰਨਗੇ। ਉਨ੍ਹਾਂ ਦੱਸਿਆ ਕਿ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਚੱਲਣ ਵਾਲੀ ਇਸ ਸੰਗੀਤਕ ਮਹਿਫ਼ਿਲ ਦਾ ਆਨੰਦ ਮਾਣਨ ਲਈ ਦਾਖ਼ਲਾ ਬਿਲਕੁਲ ਮੁਫ਼ਤ ਹੈ ਅਤੇ ਸਾਹਿਤ, ਕਲਾ, ਸੰਗੀਤ ਨਾਲ ਲਗਾਓ ਰੱਖਣ ਵਾਲੇ ਹਰ ਸ਼ਖ਼ਸ ਨੂੰ ਇਸ ਵਿਚ ਸ਼ਾਮਲ ਹੋਣ ਲਈ ਗ਼ਜ਼ਲ ਮੰਚ ਵੱਲੋਂ ਖੁੱਲ੍ਹਾ ਸੱਦਾ ਹੈ।

## ਆਪਣੇ ਪੂਰੇ ਸਮੈਸਟਰ ਦੌਰਾਨ ਵੱਧ ਹਾਜ਼ਰੀਆਂ ਲਗਾਉਣ ਵਾਲੇ ਵਿਦਿਆਰਥੀਆਂ ਨੂੰ ਕੀਤਾ ਗਿਆ ਸਨਮਾਨਿਤ।

### ਅਕਾਲ ਕਾਲਜ ਕੌਂਸਲ ਦੀ ਨਵੀਂ ਪਹਿਲ



ਮਸਤੂਆਣਾ ਸਾਹਿਬ 6 ਮਈ : ਅਕਸਰ ਹੀ ਦੇਖਿਆ ਗਿਆ ਹੈ ਕਿ ਸਕੂਲ ,ਕਾਲਜ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਦੁਆਰਾ ਆਪਣੇ ਪੂਰੇ ਸਮੈਸਟਰ ਦੀ ਪੜ੍ਹਾਈ ਦੌਰਾਨ ਹਾਜ਼ਰੀਆਂ ਪੂਰੀਆਂ ਨਾ ਕਰਨ ਦੀ ਹਾਲਤ ਵਿੱਚ ਵਿਦਿਆਰਥੀਆਂ ਕੋਲੋਂ ਜੁਰਨਾਮਾ ਭਰਵਾਇਆ ਜਾਂਦਾ ਹੈ ਪਰ ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ ਦੀ ਮੈਨੇਜਮੈਂਟ ਕਮੇਟੀ ਵੱਲੋਂ ਇੱਕ ਨਵੀਂ ਪਹਿਲਕਦਮੀ ਸ਼ੁਰੂ ਕੀਤੀ ਗਈ ਹੈ ਜਿਸ ਵਿਚ ਵਿਦਿਆਰਥੀਆਂ ਵੱਲੋਂ ਆਪਣੇ ਪੂਰੇ ਸਮੈਸਟਰ ਸਿਸਟਮ ਦੀ ਪੜ੍ਹਾਈ ਵਿਚ ਵੱਧ ਹਾਜ਼ਰੀਆਂ ਲਗਾਉਣ ਵਾਲੇ ਵਿਦਿਆਰਥੀਆਂ ਦਾ ਅਕਾਲ ਕਾਲਜ ਕੌਂਸਲ ਵੱਲੋਂ ਅੱਜ ਮਿਤੀ 5 ਮਈ,,2025 ਨੂੰ ਨਕਦ ਰਾਸ਼ੀ ਅਤੇ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਹੈ।ਇਹ ਸਾਰਾ ਪ੍ਰੋਗਰਾਮ ਸ ਜਸਵੰਤ ਸਿੰਘ ਖਹਿਰਾ, ਸਕੱਤਰ ਅਕਾਲ ਕਾਲਜ ਕੌਂਸਲ ਗੁਰਸਾਗਰ ਮਸਤੂਆਣਾ ਸਾਹਿਬ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਅੱਜ ਦੇ ਸਮਾਗਮ ਵਿੱਚ ਅਕਾਲ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਸਾਰੇ ਪ੍ਰਿੰਸੀਪਲ ਸਹਿਬਾਨ, ਮੈਨੇਜਮੈਂਟ ਕਮੇਟੀ ਅਤੇ ਸਮੂਹ ਸਟਾਫ਼ ਵੱਲੋਂ ਅਜਿਹੇ ਹੋਣਹਾਰ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਗਈ। ਪ੍ਰੋਗਰਾਮ ਵਿੱਚ ਸ ਮਨਜੀਤ ਸਿੰਘ ਮੈਂਬਰ ਅਕਾਲ ਕਾਲਜ ਕੌਂਸਲ,ਸ ਗੁਰਜੰਟ ਸਿੰਘ ਦੁੱਗਾ ਮੈਂਬਰ ਅਕਾਲ ਕਾਲਜ ਕੌਂਸਲ ਉਚੇਚੇ ਤੌਰ 'ਤੇ ਪਹੁੰਚੇ ਸਨ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਸ ਮਨਜੀਤ ਸਿੰਘ ਵੱਲੋਂ ਆਪਣੀ ਖੁਸ਼ੀ ਸਾਂਝਿਆਂ ਕਰਦਿਆਂ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਹਨਾਂ ਕਿਹਾ ਕਿ ਬੱਚਿਆਂ ਨੂੰ ਆਪਣੇ ਸਮੈਸਟਰ ਦੌਰਾਨ ਸਾਰੇ ਹੀ ਲੈਕਚਰ ਲਗਾਉਣੇ ਚਾਹੀਦੇ ਹਨ ਕਿਉਂਕਿ ਇਹ ਸਮਾਂ ਤੁਹਾਡਾ ਗੋਲਡਨ ਪੀਰੀਅਡ ਹੈ ਜਿਸ ਵਿਚ ਰਹਿ ਕੇ ਤੁਸੀਂ ਆਪਣੀ ਪੜ੍ਹਾਈ ਦੇ ਨਾਲ ਨਾਲ ਆਪਣੇ ਟੀਚਿਆਂ ਤੱਕ ਪਹੁੰਚਣ ਦੀ ਪਲੇਨਿੰਗ ਵੀ ਕਰ ਸਕਦੇ ਹੋ। ਇਸ ਸਮੇਂ ਜੋ ਵਿਦਿਆਰਥੀ ਗੰਭੀਰ ਹੋ ਕੇ ਪੜ੍ਹਾਈ ਕਰਦੇ ਹਨ ਅੱਗੇ ਉਹਨਾਂ ਦੀ ਜ਼ਿੰਦਗੀ ਸੁਖਾਲੀ ਜ਼ਰੂਰ ਹੋਵੇਗੀ ਤੇ ਉਹਨਾਂ ਦੇ ਸੁਪਨੇ ਵੀ ਜ਼ਰੂਰ ਸਾਕਾਰ ਹੋਣਗੇ। ਡਾ ਨਿਰਪਜੀਤ ਸਿੰਘ ਐਚ ਓ ਡੀ ਅੰਗਰੇਜ਼ੀ ਵਿਭਾਗ ਉਹਨਾਂ ਨੂੰ ਕਿਹਾ ਕਿ ਹਰ ਸਾਲ ਵਿਦਿਆਰਥੀਆਂ ਨੂੰ ਖੇਡਾਂ ਵਿਚ, ਸਾਹਿਤ ਵਿਚ, ਪੜ੍ਹਾਈ ਵਿਚ ਵਧੀਆ ਪੁਜੀਸ਼ਨਾ ਲੈਣ ਵਾਲੇ ਵਿਦਿਆਰਥੀਆਂ ਨੂੰ ਅਤੇ ਵਿਲੱਖਣ ਪ੍ਰਤਿਭਾ ਵਾਲਿਆਂ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਪਰ ਅਕਾਲ ਕਾਲਜ ਕੌਂਸਲ ਵੱਲੋਂ ਆਪਣੇ ਸਮੈਸਟਰ ਦੌਰਾਨ ਜ਼ਿਆਦਾ ਹਾਜ਼ਰੀਆਂ ਦੇਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨਾ ਬਹੁਤ ਹੀ ਸਲਾਹੁਣਯੋਗ ਉਪਰਾਲਾ ਹੈ। ਉਹਨਾਂ ਦੱਸਿਆ ਹੈ ਕਿ ਅਕਾਲ ਡਿਗਰੀ ਕਾਲਜ ਗੁਰਸਾਗਰ ਮਸਤੂਆਣਾ ਸਾਹਿਬ ਨੇ ਵਿਦਿਆਰਥੀਆਂ ਨੂੰ 75000 ਰੁ ਦੀ ਨਕਦ ਰਾਸ਼ੀ ਅਤੇ ਸਰਟੀਫ਼ਿਕੇਟ ਦਿੱਤੇ ਹਨ ਉਥੇ ਹੀ ਅਕਾਲ ਕਾਲਜ ਫਿਜ਼ੀਕਲ ਐਜੂਕੇਸ਼ਨ ਨੇ 54000ਰੁ:, ਅਕਾਲ ਕਾਲਜ ਡਿਪਲੋਮਾ ਫਾਰਮੇਸੀ ਨੇ 14,400 ਰੁ:, ਅਕਾਲ ਕਾਲਜ ਆਫ਼ ਫਾਰਮੇਸੀ ਐਂਡ ਟੈਕਨਾਲੋਜੀ ਐਜੂਕੇਸ਼ਨ ਨੇ 28,900 ਰੁ: , ਅਕਾਲ ਕਾਲਜ ਆਫ਼ ਐਜੂਕੇਸ਼ਨ ਵੱਲੋਂ 18,500 ਰੁ: ਵਿਦਿਆਰਥੀਆਂ ਨੂੰ ਨਕਦ ਰਾਸ਼ੀ ਦਿੱਤੀ ਗਈ। ਅਕਾਲ ਕਾਲਜ ਕੌਂਸਲ ਵੱਲੋਂ 2,10,600ਦੀ ਨਕਦ ਰਾਸ਼ੀ ਨਿਰਧਾਰਿਤ ਕੀਤੀ ਗਈ ਹੈ ਜੋ ਵਿਦਿਆਰਥੀਆ ਨੂੰ ਦਿੱਤੀ ਜਾਣੀ ਹੈ। ਉਹਨਾਂ ਨੇ ਕਿਹਾ ਕਿ ਸਮੇਂ ਸਮੇਂ ਤੇ ਇਸ ਦਿੱਤੀ ਜਾਣ ਵਾਲੀ ਰਾਸ਼ੀ ਵਿੱਚ ਵਾਧਾ ਕੀਤਾ ਜਾਵੇਗਾ। 100% ਹਾਜ਼ਰੀ ਦੇਣ ਵਾਲੀ ਵਿਦਿਆਰਥਣ ਮਨਜੋਤ ਕੌਰ ਬੀ.ਐਡ (ਸਮੈਸਟਰ ਦੂਜਾ) ਨੂੰ 5100ਰੁ: ਨਕਦ ਰਾਸ਼ੀ ਅਤੇ ਸਰਟੀਫ਼ਿਕੇਟ ਦੇ ਕੇ ਪ੍ਰਿੰਸੀਪਲ ਡਾ ਸੁਖਦੀਪ ਕੌਰ ਅਕਾਲ ਕਾਲਜ ਐਜੂਕੇਸ਼ਨ ਅਤੇ ਸਮੂਹ ਮੈਨੇਜਮੈਂਟ ਵਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਬਿਨਾਂ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਹਾਜ਼ਰੀਆ ਦੇਣ ਮੁਤਾਬਕ 4100, 3100,2100,2000 ਰੁਪਏ ਦੇ ਕੇ ਸਨਮਾਨਿਤ ਕੀਤਾ ਗਿਆ ।ਇਸ ਮੌਕੇ ਪ੍ਰਿੰਸੀਪਲ ਡਾ ਅਮਨਦੀਪ ਕੌਰ ਅਕਾਲ ਡਿਗਰੀ ਕਾਲਜ, ਪ੍ਰਿੰਸੀਪਲ ਡਾ ਗੀਤਾ ਠਾਕੁਰ ਫਿਜ਼ੀਕਲ ਕਾਲਜ, ਪ੍ਰਿੰਸੀਪਲ ਅਮਨਦੀਪ ਕੌਰ ਬੀ ਫਾਰਮੇਸੀ, ਡਾ ਅਮਨਦੀਪ ਸਿੰਘ ਗਿੱਲ ਐਚ. ਓ.ਡੀ (ਕੰਪਿਊਟਰ ਵਿਭਾਗ) ਡਾ ਅਮਨਦੀਪ ਸਿੰਘ, ਡਾ ਸਤਿੰਦਰ ਪੋਲ, ਪ੍ਰੋ ਮਨਪ੍ਰੀਤ ਸਿੰਘ,ਡਾ ਹਰਪਾਲ ਕੌਰ, ਪ੍ਰੋ ਅਮਰਿੰਦਰ ਕੌਰ,ਡਾ ਮੋਨਿਕਾ,ਪ੍ਰੋ ਹਰਨੀਤ ਕੌਰ, ਪ੍ਰੀਤ ਹੀਰ,ਡਾ ਰਜਿੰਦਰ ਕੌਰ ਅਤੇ ਹੋਰ ਬਹੁਤ ਸਾਰੀਆਂ ਸ਼ਖ਼ਸੀਅਤਾਂ ਮੌਜੂਦ ਸਨ। ਮੰਚ ਸੰਚਾਲਨ ਦੀ ਭੂਮਿਕਾ ਡਾ ਹਰਜਿੰਦਰ ਸਿੰਘ ਮੁਖੀ ਪੰਜਾਬੀ ਵਿਭਾਗ ਵੱਲੋਂ ਬਾਖੂਬੀ ਨਿਭਾਈ ਗਈ।

## ਪੰਜਾਬੀ ਗੀਤਕਾਰ ਗੁਰਸੇਵਕ ਸਿੰਘ ਬਰਾੜ ਦੀ ਸੜਕ ਹਾਦਸੇ 'ਚ ਮੌਤ, ਸੋਗ ਦੀ ਲਹਿਰ

ਟਿੰਕੂ ਕੁਮਾਰ



ਕੋਟਕਪੂਰਾ, 6 ਮਈ : ਪੰਜਾਬੀ ਗੀਤਕਾਰ ਗੁਰਸੇਵਕ ਸਿੰਘ ਸੇਵਕ ਬਰਾੜ ਦੇ 47 ਸਾਲਾਂ ਦੀ ਉਮਰ ਵਿੱਚ ਸੜਕ ਹਾਦਸੇ ਕਾਰਨ ਸਦੀਵੀ ਵਿਛੋੜਾ ਦੇ ਜਾਣ ਕਰਕੇ ਇਲਾਕੇ ਵਿੱਚ ਮਾਤਮ ਅਤੇ ਸੋਗ ਦਾ ਮਾਹੌਲ ਪੈਦਾ ਹੋ ਗਿਆ। ਬੀਤੀ ਦੇਰ ਰਾਤ ਨੇੜਲੇ ਪਿੰਡ ਖਾਰਾ ਵਿਖੇ ਵਾਪਰੇ ਹਾਦਸੇ ਵਿੱਚ ਮਰਨ ਵਾਲੇ ਨੌਜਵਾਨ ਦੀ ਪਛਾਣ ਸੇਵਕ ਬਰਾੜ ਵਾਸੀ ਪਿੰਡ ਖੋਖਰ ਜਿਲਾ ਮੁਕਤਸਰ ਸਾਹਿਬ ਵਜੋਂ ਕੀਤੀ ਗਈ ਅਤੇ ਸਥਾਨਕ ਸਦਰ ਥਾਣੇ ਦੀ ਪੁਲਿਸ ਨੇ ਮ੍ਰਿਤਕ ਦੀ ਲਾਸ਼ ਪੋਸਟਮਾਰਟਮ ਲਈ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਵਿਖੇ ਭੇਜ ਕੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੇਵਕ ਬਰਾੜ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਬੀਤੀ ਰਾਤ ਪਿੰਡ ਵਾਪਸ ਪਰਤ ਰਿਹਾ ਸੀ ਅਤੇ ਜਦ ਉਹ ਪਿੰਡ ਖਾਰਾ ਨੇੜੇ ਬਰਾੜ ਢਾਬੇ ਕੋਲ ਪੁੱਜਾ ਤਾਂ ਟਰੱਕ ਨਾਲ ਟੱਕਰ ਹੋਣ ਕਰਕੇ ਉਸਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਸਬੰਧੀ ਪਿੰਡ ਖੋਖਰ ਦੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕੋਟਕਪੂਰਾ ਤੋਂ ਪਿੰਡ ਵਾਪਸ ਪਰਤਦੇ ਸਮੇਂ ਇਹ ਹਾਦਸਾ ਵਾਪਰਿਆ। ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਇਸ ਮਾਮਲੇ ਵਿੱਚ ਨਿਰਪੱਖ ਜਾਂਚ ਕਰਦੇ ਹੋਏ ਮੁਲਜਮ ਟਰੱਕ ਚਾਲਕ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਤਫਤੀਸ਼ੀ ਅਫਸਰ ਏ.ਐੱਸ.ਆਈ. ਗੁਰਮੀਤ ਸਿੰਘ ਮੁਤਾਬਿਕ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਕਲਮਬੰਦ ਕੀਤੇ ਜਾ ਰਹੇ ਹਨ, ਉਂਝ ਉਹਨਾਂ ਆਖਿਆ ਕਿ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਅਸਲੀਅਤ ਸਾਹਮਣੇ ਆ ਜਾਵੇਗੀ।

## ਜੱਸਾ ਸਿੰਘ ਰਾਮਗੜ੍ਹੀਆ*

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ



ਜਨਮ 5 ਮਏ 1723 ਲਾਹੌਰ ਪਿਤਾ ਭਗਵਾਨ ਸਿੰਘ। ਦਾਦਾ ਹਰਦਾਸ ਸਿੰਘ।

ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਸ਼੍ਰੀ ਅੰਮ੍ਰਿਤਸਰ ਦੇ ਨੇੜੇ ਪਿੰਡ ਗੁੱਗਾ ਬੂਹਾ ਵਿਖੇ ਭਗਵਾਨ ਸਿੰਘ ਦੇ ਘਰ ਹੋਇਆ। ਉਹਨਾਂ ਦੇ ਦਾਦਾ ਹਰਦਾਸ ਸਿੰਘ ਜੋਂ ਲਾਹੌਰ ਜ਼ਿਲ੍ਹੇ ਸ਼ੁਰੂ ਸਿੰਘ ਤੋਂ ਸਨ। ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕ ਕੇ ਸਿੰਘ ਸਜੇ। ਉਹਨਾਂ ਨੇ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਪਿੰਡ ਪਿੰਡ ਪਹੁੰਚਾਇਆ।

ਆਪ ਦੇ ਦਾਦਾ ਜੀ ਬੰਦਾ ਬਹਾਦਰ ਦੀ ਫੌਜ ਵਿਚ ਦਾਖਲ ਹੋਏ। ਮੁਗਲ ਫੌਜਾਂ ਨਾਲ ਲੜਾਈ ਲੜੀ ਅਤੇ 1716 ਵਿਚ ਸ਼ਹਿਦੀ ਪ੍ਰਾਪਤ ਕੀਤੀ ।

ਹਰਦਾਸ ਸਿੰਘ ਦੀ ਮੌਤ ਤੋਂ ਬਾਅਦ ਭਗਵਾਨ ਸਿੰਘ ਘਰ ਦੇ ਮੌਢੀ ਬਣੇ। ਪਿਤਾ ਦੀ ਮੌਤ ਤੋਂ ਬਾਅਦ ਜੱਸਾ ਸਿੰਘ ਰਾਮਗੜ੍ਹੀਆ ਘਰ ਦੇ ਮੁਖੀ ਬਣੇ।

1753ਤੇ1758ਦੇ ਸਮੇਂ ਦੇ ਦੌਰਾਨ ਇਹਨਾਂ 5-6ਸਾਲਾਂ ਦੇ ਵਿਚਕਾਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣੀ ਸ਼ਕਤੀ ਦਾ ਵਿਸਤਾਰ ਕੀਤਾ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਕਲਾਨੋਰ,ਬਟਾਲਾ ਕਾਦੀਆਂ ਸ਼੍ਰੀ ਹਰਗੋਬਿੰਦਪੁਰ ਉੜਮੁੜ ਟਾਂਡਾ ਤੇ ਨਾਲ ਹੀ ਮਿਆਨੀ ਦੇ ਪ੍ਰਦੇਸ਼ਾਂ ਤੇ ਕਬਜ਼ਾ ਕਰ ਲਿਆ।

ਹਰਗੋਬਿੰਦਪੁਰ ਨੂੰ ਆਪਣੀ ਮਿਸਲ ਦੀ ਰਾਜਧਾਨੀ ਬਨਾਇਆ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕਰਕੇ ਰਾਮਗੜ੍ਹੀਆ ਮਿਸਲ ਦੀ ਸ਼ਕਤੀ ਵੱਧ ਗਈ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਗੰਗਾ, ਯਮੁਨਾ ਦੋਆਬ ਦੇ ਇਲਾਕਿਆਂ ਤੇ ਵੀ ਕਬਜ਼ਾ ਕਰ ਲਿਆ।

ਦਿੱਲੀ ਫਤਿਹ

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਭਾਈ ਬਘੇਲ ਸਿੰਘ ਨਾਲ ਰਲ ਕੇ ਦਿੱਲੀ ਲਾਲ ਕਿਲ੍ਹਾ ਫਤਿਹ ਕੀਤਾ। ਔਰੰਗਜ਼ੇਬ ਜਿਸ ਤਖ਼ਤ ਤੇ ਬੈਠਾ ਕੇ ਆਪਣਾ ਦਰਬਾਰ ਲਗਾਉਂਦਾ ਸੀ ਉਸ ਤਖ਼ਤ ਭਾਵ ਤਖ਼ਤ ਤਾਉਸ ਨੂੰ ਅਤੇ 44ਥੰਮਾਂ ਨੂੰ ਪੁੱਟ ਕੇ ਅੰਮ੍ਰਿਤਸਰ ਹਰਿਮੰਦਰ ਸਾਹਿਬ ਵਿਖੇ ਲਿਆਂਦਾ। ਇਨ੍ਹਾਂ ਨੇ ਬਾਅਦ ਵਿਚ ਬੁੰਗਾ ਰਾਮਗੜ੍ਹੀਆਂ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ।

ਹਥਿਆਰ ਬਣਾਉਣੇ

ਬਾਬਾ ਹਰਦਾਸ ਜੀ ਤੇ ਗਿਆਨੀ ਭਗਵਾਨ ਸਿੰਘ ਜੀ ਤਰਖਾਣ ਹੋਣ ਕਰਕੇ ਗੁਰੂ ਸਾਹਿਬ ਨੂੰ ਹਥਿਆਰ ਬਣਾ ਕੇ ਦਿੰਦੇ ਸੀ।

ਰਾਮਗੜ੍ਹੀਆ ਮਿਸਲ

ਸਰਦਾਰ ਜੱਸਾ ਸਿੰਘ ਜੀ ਨੇ ਦਿੱਲੀ ਤੋਂ ਮੁਗਲਾਂ ਦੀਆਂ 4 ਤੋਪਾਂ ਵੀ ਲੁੱਟ ਲਈ ਆਪ ਸਨ। ਉਸ ਸਮੇਂ ਮੇਰਠ ਤੋਂ ਦਿਲੀਂ ਵੀ ਉਹਨਾਂ ਦੀ ਲੁੱਟ ਤੋਂ ਨਹੀਂ ਬਚ ਸਕੀ। ਰਾਮਗੜ੍ਹੀਆ ਮਿਸਲ ਦੇ ਸੰਸਥਾਪਕ ਖੁਸ਼ਹਾਲ ਸਿੰਘ ਜੀ ਤੇ ਨੰਦ ਸਿੰਘ ਜੀ ਸਨ। ਪਰ ਇਸ ਮਿਸਲ ਨੂੰ ਜ਼ਿਆਦਾ ਪ੍ਰਸਿੱਧੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕਰਕੇ ਹੀ ਮਿਲੀ।

ਜਦੋਂ ਜੱਸਾ ਸਿੰਘ ਰਾਮਗੜ੍ਹੀਆ ਆਪਣੇ100 ਸਿੰਘਾਂ ਸਮੇਤ ਰਾਮ ਰਾਉਣੀ ਵਿਚ ਜੂਝ ਰਹੇ 500 ਜੁਝਾਰੂ ਸਿੰਘਾਂ ਨਾਲ ਜਾ ਰਲੇ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮ ਲਾਉਣੀ ਦੇ ਕਿਲੇ ਨੂੰ ਖਾਲਸਾ ਫੌਜਾਂ ਦੀ ਮਦਦ ਨਾਲ ਆਪਣੇ ਅਧੀਨ ਕਰ ਲਿਆ ਤਾਂ ਜੋਂ ਇਸ ਦੀ ਰਾਖੀ ਕੀਤੀ ਜਾ ਸਕੇ। ਜਦੋਂ ਸਿੱਖ ਕੌਮ ਦੇ ਸਭ ਜਰਨੈਲਾਂ ਤੇ ਸਿੰਘਾਂ ਨੇ ਮਿਲ ਕੇ ਰਾਮ,ਲਾਉਣੀ ਦਾ ਕਿਲ੍ਹਾ ਬਣਾ ਸੰਵਾਰ ਲਿਆ ਤਾਂ ਇਹ ਹਕੂਮਤ ਨੂੰ ਸਿੱਧੀ ਚੁਣੋਤੀ ਦੇਣ ਵਾਲਾ। ਕਦਮ ਸੀ।

ਪਹਾੜੀ ਰਾਜਿਆਂ ਨਾਲ ਲੜਾਈ

ਰਾਮ,ਲਾਉਣੀ ਦੇ ਕਿਲੇ ਨੂੰ ਢਾਹੁਣ ਵਿਚ ਗੁੱਸੇ ਵਿਚ ਆਏ ਮੀਰ ਮੰਨੂ ਨੇ ਫੌਜ ਚੜ੍ਹਾ ਦਿੱਤੀ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਖਾਲਸਾ ਪੰਥ ਵਿੱਚ ਉਸ ਸਮੇਂ ਕੁੱਛ ਨਾਰਾਜ਼ਗੀ ਚੱਲ ਰਹੀ ਸੀ। ਪੰਥ ਤੋਂ ਨਾਰਾਜ਼ ਹੋ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਨੇ ਅਦੀਨਾ ਬੇਗ ਕੋਲ ਜਲੰਧਰ ਜਾ ਕੇ ਨੌਕਰੀ ਕਰ ਲਈ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੁਸ਼ਮਣਾਂ ਦੀ ਫੌਜ ਨਾਲ ਜਲੰਧਰ ਦੇ ਨਵਾਬ ਅਦੀਨਾ ਬੇਗ ਦੇ ਨਾਲ ਆਏ ਸੀ। ਉਸ ਸਮੇਂ ਨਾਸਰ ਅਲੀ ਖਾਨ ਜਾਲੰਧਰੀ, ਮਿਰਜ਼ਾ ਅਜ਼ੀਜ਼ ਖਾਨ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਸਭ ਨੇ ਮਿਲ ਕੇ ਰਾਮ,ਲਾਉਣੀ ਕਿਲੇ ਨੂੰ ਘੇਰਾ ਪਾ ਲਿਆ। ਪਰੰਤੂ ਜੱਸਾ ਸਿੰਘ ਰਾਮਗੜ੍ਹੀਆ ਦੁਸ਼ਮਣਾਂ ਦੀ ਫੌਜ ਨਾਲ ਆ ਤਾਂ ਗਏਏ ਸੀ ਕਿਉਂਕਿ ਪੰਥ ਨਾਲ ਨਾਰਾਜ਼ ਹੋ ਕੇ ਇਹ ਅਦੀਨਾ ਬੇਗ ਦੇ ਕੋਲ ਜਾ ਕੇ ਨੌਕਰੀ ਕਰਨ ਲੱਗ ਪਏ ਸਨ।ਪਰ ਹੁਣ ਉਹ ਆਪਣੇ ਹੀ ਭਰਾਵਾਂ ਨਾਲ ਲੜਾਈ ਨਹੀਂ ਕਰਨਾ ਚਾਹੁੰਦੇ ਸਨ। ਇਧਰ
ਖਾਲਸਾ ਪੰਥ ਨੂੰ ਵੀ ਪਤਾ ਲੱਗ ਗਿਆ ਸੀ। ਕਿਲ੍ਹੇ ਦੇ ਕੋਲ ਵਾਲਾ ਮੋਰਚਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਹੈ। ਉਹ ਵੀ ਆਪਣੇ ਭਰਾ ਨਾਲ ਲੜਾਈ ਨਹੀਂ ਕਰਨਾ ਚਾਹੁੰਦੇ ਸਨ।

ਪੰਥ ਦੀ ਸ਼ਰਨ

ਸਰਦਾਰ ਜੱਸਾ ਸਿੰਘ ਜੀ ਨੇ ਪੰਥ ਦੀ ਸ਼ਰਨ ਵਿੱਚ ਆਉਂਣ ਵਾਸਤੇ ਲਿਖ ਕੇ ਬੇਨਤੀ ਭੇਜੀ। ਉਸ ਸਮੇਂ ਪੰਥ ਨੇ ਵੀ ਇਹੀ ਜਵਾਬ ਦਿੱਤਾ ਕਿ ਹੁਣ ਨਾ ਮਿਲੇ ਤਾਂ ਫਿਰ ਕਦੀ ਵੀ ਮਿਲਿਆ ਨਹੀਂ ਜਾਣਾ। ਇਸ ਬੇਨਤੀ ਨੂੰ ਪੰਥ ਨੇ ਪ੍ਰਵਾਨ ਕੀਤਾ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਝੱਟ ਹੀ ਅਦੀਨਾ ਬੇਗ ਤੇ ਆਪਣਾ ਸਾਰਾ ਹਿਸਾਬ ਖ਼ਤਮ ਕਰਕੇ ਜੂਝ ਰਹੇ ਸਿੰਘਾਂ ਨਾਲ ਆ ਰਲ਼ੇ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਨੇ ਅਦੀਨਾ ਬੇਗ ਨੂੰ ਕਿਹਾ ਜਿੰਨੇ ਦਿਨ ਮੈਂ ਤੁਹਾਡੇ ਕੋਲ ਨੌਕਰੀ ਕੀਤੀ ਹੈ
ਉਸ ਦਾ ਹਿਸਾਬ ਕਰੋ। ਜੱਸਾ ਸਿੰਘ ਰਾਮਗੜ੍ਹੀਆ ਆਪਣਾ ਹਿਸਾਬ ਚੁਕਤਾ ਭਾਰੀ ਮੁਸੀਬਤ ਦੇ ਸਮੇਂ ਵਿੱਚ ਆਪਣੇ ਨਾਲ 100 ਸਿੰਘਾਂ ਨੂੰ ਲੈਣ ਕੇ ਰਾਮ,ਲਾਉਣੀ ਦੇ ਕਿਲੇ ਤੇ ਕਬਜ਼ਾ ਨਹੀਂ ਕਰ ਸਕੇ। ਕਿਉਂਕਿ ਸਿੰਘ ਪਹਿਲਾਂ ਵੀ ਜੂਝ ਰਹੇ ਸਨ। ਤੇ ਹੁਣ ਸਰਦਾਰ ਹੋਰਾਂ ਦੇ ਆਉਣ ਕਰਕੇ ਸ਼ਕਤੀ ਵਿਚ ਵਾਧਾ ਹੋਰ ਵੀ ਹੋ ਗਿਆ ਸੀ। ਉਸ ਸਮੇਂ ਖਾਲਸਾ ਪੰਥ ਨੇ ਖੁਸ਼ ਹੋ ਕੇ ਸਰਦਾਰ ਜੱਸਾ ਸਿੰਘ ਜੀ ਦਾ ਸਤਿਕਾਰ ਕਰਦੇ ਹੋਏ
ਰਾਮ,ਲਾਉਣੀ ਦਾ ਕਿਲ੍ਹਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਦੇਖ ਰੇਖ ਅਧੀਨ ਕਰ ਦਿੱਤਾ।

ਇਹ ਸੀ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਜੀਵਨ।

ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਨ ਦੀਆਂ ਬਹੁਤ ਸਾਰੀਆਂ ਮੁਬਾਰਕਾਂ ਹੋਣ ਜੀ।

## ਚਿੰਤਾ ਦੂਰ ਕਰਦੀ ਐ – ਇੱਕ ਰੂਹਾਨੀ ਸਫ਼ਰ




ਵਰਲਡ ਪੰਜਾਬੀ ਟਾਈਮਜ਼
ਵਤਨਵੀਰ ਜਖਮੀ

ਅਨੇਕਾਂ ਗਜਲਾਂ, ਧਾਰਮਿਕ ਅਤੇ ਲੋਕ ਗੀਤਾਂ ਦੇ ਰਚੇਤਾ ਸ਼ਾਇਰ ਭੱਟੀ ਦੁਆਰਾ ਲਿਖਿਆ ਗਿਆ " ਚਿੰਤਾ ਦੂਰ ਕਰਦੀ ਐ " ਮਾਂ ਚਿੰਤਪੁਰਨੀ ਦੇ ਚਰਨਾ ਨੂੰ ਸਮਰਪਿਤ ਇੱਕ ਅਜਿਹਾ ਰਚਨਾਤਮਕ ਧਾਰਮਿਕ ਗੀਤ ਹੈ ਜੋ ਮਨੁੱਖ ਦੀ ਅੰਦਰੂਨੀ ਵਿਆਕੁਲਤਾ ਅਤੇ ਰੂਹਾਨੀ ਠੰਢਕ ਵਿਚਕਾਰ ਦੇ ਸੰਘਰਸ਼ ਨੂੰ ਬਖੂਬੀ ਉਜਾਗਰ ਕਰਦਾ ਹੈ। ਇਸ ਗੀਤ ਨੂੰ ਸਾਗਰ ਗੁਲਾਬ ਨੇ ਆਪਣੇ ਸੁਰੀਲੇ ਸੁਰਾਂ ਨਾਲ ਗਾਇਆ ਹੈ, ਜਿਸ ਨੇ ਇਸ ਦੀ ਪ੍ਰਭਾਵਸ਼ੀਲਤਾ ਨੂੰ ਹੋਰ ਵੀ ਵਧਾ ਦਿੱਤਾ ਹੈ। ਇਹ ਧਾਰਮਿਕ ਗੀਤ ਜੋ ਮਾਤਾ ਚਿੰਤਪੁਰਨੀ ਦੇ ਚਰਨਾਂ ਨੂੰ ਸਮਰਪਿਤ ਹੈ ਸਿਰਫ ਇੱਕ ਸ਼ਬਦ ਰੂਪੀ ਧਾਰਮਿਕ ਗੀਤ ਹੀ ਨਹੀਂ, ਬਲਕਿ ਇਹ ਮਨੁੱਖੀ ਜ਼ਿੰਦਗੀ ਦੀਆਂ ਚਿੰਤਾਵਾਂ ਤੋਂ ਉਤਪੰਨ ਹੋਣ ਵਾਲੀ ਬੇਚੈਨੀ ਨੂੰ ਸ਼ਾਂਤੀ ਵਿੱਚ ਤਬਦੀਲ ਕਰਨ ਵਾਲਾ ਇੱਕ ਰੂਹਾਨੀ ਸਾਧਨ ਹੈ। ਸ਼ਾਇਰ ਭੱਟੀ ਨੇ ਬਹੁਤ ਹੀ ਸਾਦੇ ਪਰ ਡੂੰਘੇ ਸ਼ਬਦਾਂ ਰਾਹੀਂ ਦੱਸਿਆ ਹੈ ਕਿ ਕਿਵੇਂ ਮਾਂ ਚਿੰਤਪੁਰਨੀ ਅਪਣੇ ਭਗਤਾ ਨੂੰ ਚਿੰਤਾ ਮੁਕਤ ਕਰਦੀ ਹੈ। ਇਹ ਧਾਰਮਿਕ ਗੀਤ ਇੱਕ ਅੰਤਰ ਆਤਮਿਕ ਬਲ ਬਖਸ਼ਣ ਵਿੱਚ ਸਪੂਰਨ ਸਹਾਈ ਹੈ। ਇਸ ਗੀਤ ਰਾਹੀਂ ਸ਼ਾਇਰ ਭੱਟੀ ਨੇ ਇਹ ਵੀ ਸੁਨੇਹਾ ਦਿੱਤਾ ਹੈ ਕਿ ਮਨੁੱਖ ਨੂੰ ਕੁਝ ਪਲ ਦੁਨੀਆਦਾਰੀ ਨੂੰ ਭੁੱਲ ਕੇ ਪ੍ਰਮਾਤਮਾ ਦੀ ਉਸਤਤ ਵੀ ਕਰਨੀ ਚਾਹੀਦੀ ਹੈ ਜਿਸ ਰਾਹੀਂ ਉਹ ਆਪਣਾ ਆਉਣ ਵਾਲਾ ਸਮਾਂ ਸੁਆਰ ਸਕੇ ਅਤੇ ਉਸ ਤੋਂ ਹੋਈਆਂ ਭੁੱਲਾਂ ਨੂੰ ਪ੍ਰਮਾਤਮਾ ਤੋ ਬਖਸ਼ਾ ਸਕੇ।

ਇਸ ਗੀਤ ਨੂੰ ਮਿਊਜ਼ਿਕ ਨਾਲ ਵਿਵੇਕ ਧੀਰ ਨੇ ਸਜਾਇਆ ਹੈ।

ਇਸ ਗੀਤ ਦੀ ਸੰਪੂਰਨ ਅਨੀਲ ਕੁਮਾਰ ਚੌਹਾਨ ਜੀ ਦੀ ਦੇਖ ਰੇਖ ਵਿੱਚ ਤਿਆਰ ਹੋਇਆ ਹੈ ਜੀ।

ਸਾਗਰ ਗੁਲਾਬ ਦੀ ਆਵਾਜ਼ ਇਸ ਗੀਤ ਦੀ ਰੂਹ ਨੂੰ ਛੂਹਦੀ ਹੈ। ਉਨ੍ਹਾਂ ਦੀ ਗਾਇਕੀ ਵਿੱਚ ਉਹ ਅਹਿਸਾਸ ਹੈ ਜੋ ਸੁਣਨ ਵਾਲੇ ਨੂੰ ਸਿਰਫ ਸੰਗੀਤਕ ਤੌਰ ਤੇ ਨਹੀਂ, ਸਗੋਂ ਰੂਹਾਨੀ ਤੌਰ ਤੇ ਵੀ ਛੋਹ ਜਾਂਦੀ ਹੈ। ਇਸ ਗੀਤ ਦੀ ਧੁਨ, ਸਾਦਾ ਸਾਜ਼ ਅਤੇ ਗਾਇਕੀ ਦੀ ਗੰਭੀਰਤਾ ਇੱਕ ਆਧਿਆਤਮਿਕ ਮਾਹੌਲ ਬਣਾਉਂਦੀ ਹੈ।

ਉਸਤਾਦ ਅਸ਼ੋਕ ਗੁਲਾਬ ਜੀ ਦੇ ਅਸ਼ੀਰਵਾਦ ਨਾਲ ਇਹ ਧਾਰਮਿਕ ਗੀਤ 15 ਮਈ ਨੂੰ ਬਾਲਾ ਜੀ ਮਿਊਜ਼ਿਕ ਕੰਪਨੀ ਵੱਲੋਂ ਦਰਸ਼ਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਣ ਜਾ ਰਿਹਾ ਹੈ।

ਉਮੀਦ ਹੈ ਕਿ ਪਹਿਲੇ ਗੀਤਾ ਵਾਂਗ ਇਸ ਗੀਤ ਨੂੰ ਵੀ ਆਪ ਸਭ ਦਾ ਪਿਆਰ ਮਿਲੇਗਾ। ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਵੀ ਸ਼ਾਇਦ ਭੱਟੀ ਅਜਿਹੇ ਗੀਤ ਲਿਖਣਗੇ ਜੋ ਆਤਮਾ ਨੂੰ ਪ੍ਰਮਾਤਮਾ ਨਾਲ ਜੋੜ ਸਕੇ।

## ਮਾਹਰਾਜ ਨੇ ਇਸ ਨੂੰ ਠੀਕ ਕਰ 'ਤਾ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਆਪਣੀ ਪਤਨੀ ਦੀ ' ਮਾਨ ਡਾਇਗਨੋਸਟਿਕ ਐਂਡ ਰਿਸਰਚ ਸੈਂਟਰ ਜਲੰਧਰ ' ਤੋਂ ਬਰੇਨ ਦੀ ਐੱਮ. ਆਰ. ਆਈ. ਕਰਵਾ ਕੇ ਜਦੋਂ ਅਸੀਂ ਬਹਿਰਾਮ ਦੇ ਲਾਗੇ ਪੁੱਜੇ, ਤਾਂ ਮੇਰੀ ਪਤਨੀ ਆਖਣ ਲੱਗੀ," ਜਾਂਦੇ, ਜਾਂਦੇ ਭੈਣ ਨੂੰ ਮਿਲ ਜਾਂਦੇ ਆਂ। ਫੇਰ ਕਿੱਥੇ ਆਂਦੇ ਫਿਰਨਾਂ। ਹੁਣ ਓਸੇ ਪਟਰੋਲ ਨਾਲ ਸਰ ਜਾਣਾਂ। ਨਾਲੇ ਰਾਜੀ, ਖੁਸ਼ੀ ਦਾ ਪਤਾ ਲੱਗ ਜਊ।"


" ਜਿਵੇਂ ਤੇਰੀ ਮਰਜ਼ੀ।" ਮੈਂ ਆਖਿਆ।

ਬਹਿਰਾਮ ਪਹੁੰਚ ਕੇ ਮੈਂ ਕਾਰ ਆਪਣੀ ਪਤਨੀ ਦੀ ਭੈਣ ਦੇ ਘਰ ਵੱਲ ਨੂੰ ਮੋੜ ਲਈ। ਉਸ ਦੇ ਘਰ ਪਹੁੰਚ ਕੇ ਪਤਾ ਲੱਗਾ ਕਿ ਉਸ ਦੇ ਪਿੱਤੇ ਵਿੱਚ ਪੱਥਰੀਆਂ ਸਨ। ਤਿੰਨ ਦਿਨ ਪਹਿਲਾਂ ਡਾਕਟਰਾਂ ਨੇ ਅਪਰੇਸ਼ਨ ਨਾਲ ਉਸ ਦਾ ਪਿੱਤਾ ਕੱਢ ਦਿੱਤਾ ਸੀ। ਹੁਣ ਉਹ ਬੈੱਡ ਤੇ ਪਈ ਆਰਾਮ ਕਰ ਰਹੀ ਸੀ। ਅਸੀਂ ਦੋਵੇਂ ਉਸ ਕੋਲ ਕੁਰਸੀਆਂ ਤੇ ਬੈਠ ਗਏ। ਮੇਰੇ ਸਾਂਢੂ ਨੇ ਸਾਨੂੰ ਪੂਰੀ ਜਾਣਕਾਰੀ ਦਿੰਦਿਆਂ ਦੱਸਿਆ," ਸੇਮੋ ਦੇ ਪੇਟ 'ਚ ਤਿੰਨ ਦਿਨ ਪਹਿਲਾਂ ਬਹੁਤ ਤੇਜ਼ ਦਰਦ ਹੋਇਆ ਸੀ। ਦਰਦ ਤਾਂ ਪਹਿਲਾਂ ਵੀ ਹੁੰਦਾ ਰਹਿੰਦਾ ਸੀ, ਪਰ ਐਤਕੀਂ ਦਾ ਦਰਦ ਬਹੁਤ ਤੇਜ਼ ਸੀ। ਰੁਕਣ ਦਾ ਨਾਂ ਹੀ ਨਹੀਂ ਸੀ ਲੈਂਦਾ। ਇਸ ਲਈ ਇਸ ਨੂੰ ਫਗਵਾੜਾ ਦੇ ਇਕ ਪ੍ਰਾਈਵੇਟ ਹਸਪਤਾਲ 'ਚ ਦਾਖਲ ਕਰਵਾਣਾ ਪਿਆ। ਪੇਟ ਦੀ ਸਕੈਨ ਕਰਨ ਤੇ ਪਤਾ ਲੱਗਾ ਕਿ ਇਸ ਦੇ ਪਿੱਤੇ 'ਚ ਪੱਥਰੀਆਂ ਆਂ। ਡਾਕਟਰਾਂ ਨੇ ਫੁਰਤੀ ਵਰਤ ਕੇ ਇਸ ਦਾ ਪਿੱਤਾ ਕੱਢ 'ਤਾ। ਮਾਹਰਾਜ ਨੇ ਇਸ ਨੂੰ ਠੀਕ ਕਰ 'ਤਾ। ਉਸ ਨੇ ਸਾਡੀ ਨੇੜੇ ਹੋ ਕੇ ਸੁਣ ਲਈ। ਹੋਰ ਸਾਨੂੰ ਕੀ ਚਾਹੀਦਾ। ਪੈਸੇ ਲੱਗਿਓ ਭੁੱਲ ਜਾਣਗੇ।"

ਆਪਣੇ ਸਾਂਢੂ ਦੀਆਂ ਗੱਲਾਂ ਸੁਣ ਕੇ ਮੈਂ ਡਾਕਟਰਾਂ ਵੱਲੋਂ ਕੀਤੇ ਇਲਾਜ ਵਿੱਚ ਦੂਰ ਬੈਠੇ 'ਉਸ ਮਾਹਰਾਜ' ਵੱਲੋਂ ਪਾਏ ਯੋਗਦਾਨ ਬਾਰੇ ਸੋਚਣ ਲੱਗ ਪਿਆ, ਜੋ ਆਪਣਾ ਇਲਾਜ ਅਮਰੀਕਾ ਜਾ ਕੇ ਕਰਵਾਉਂਦਾ ਹੈ।

## ਪ੍ਰੋ.ਕੁਲਬੀਰ ਸਿੰਘ 'ਮੀਡੀਆ ਆਲੋਚਕ ਦੀ ਆਤਮਕਥਾ' ਪ੍ਰੇਰਨਾਦਾਇਕ ਪੁਸਤਕ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ




ਪ੍ਰੋ.ਕੁਲਬੀਰ ਸਿੰਘ ਮੁੱਢਲੇ ਤੌਰ 'ਤੇ ਇੱਕ ਅਧਿਆਪਕ ਹੈ, ਪ੍ਰੰਤੂ ਉਸਦੀ ਸਮਾਜਿਕ ਖੇਤਰ ਵਿੱਚ ਮੀਡੀਆ ਆਲੋਚਕ ਦੇ ਤੌਰ ਪਛਾਣ ਸਥਾਪਤ ਹੈ। ਅਧਿਆਪਕ ਸਮਾਜ ਦੇ ਉਸਰਈਏ ਹੁੰਦੇ ਹਨ, ਪ੍ਰੰਤੂ ਪ੍ਰੋ.ਕੁਲਬੀਰ ਸਿੰਘ ਦਾ ਸਮਾਜ ਨੂੰ ਦੋਹਰੇ ਉਸਰਈਏ ਦੇ ਤੌਰ 'ਤੇ ਯੋਗਦਾਨ ਹੈ। ਜਿਥੇ ਉਸਨੇ ਨੌਜਵਾਨੀ ਦੀ ਸਿੱਖਿਆ ਦੇ ਖੇਤਰ ਵਿੱਚ ਅਗਵਾਈ ਕੀਤੀ ਹੈ, ਉਸਦੇ ਨਾਲ ਹੀ ਉਸਨੇ ਸਮਾਜ ਦੀ ਰਹਿਨਮਾਈ ਮੀਡੀਆ ਆਲੋਚਕ/ ਕਾਲਮ ਨਵੀਸ ਬਣਕੇ ਕੀਤੀ ਹੈ। ਇਹ ਪੁਸਤਕ ਉਸਦੀ ਸਵੈ-ਜੀਵਨੀ ਹੀ ਹੈ, ਭਾਵੇਂ ਇਹ ਸਵੈ-ਜੀਵਨੀ ਅਧਿਆਪਕ ਨਾਲੋਂ ਇੱਕ ਮੀਡੀਆ ਆਲੋਚਕ ਦੀ ਜ਼ਿਆਦਾ ਹੈ। ਮੀਡੀਆ ਵਿੱਚ ਬਹੁਤ ਸਾਰੀ ਜਾਣਕਾਰੀ ਸਮਾਜ ਨੂੰ ਦਿੱਤੀ ਜਾਂਦੀ ਹੈ। ਪ੍ਰੋ.ਕੁਲਬੀਰ ਸਿੰਘ ਨੇ ਮੀਡੀਆ ਦੀ ਜਾਣਕਾਰੀ ਦੀ ਸਾਰਥਿਕਤਾ ਦੀ ਤਸਵੀਰ ਖਿਚਕੇ ਰੱਖ ਦਿੱਤੀ ਤਾਂ ਜੋ ਲੋਕਾਂ ਨੂੰ ਉਸ ਜਾਣਕਾਰੀ ਦੀ ਅਸਲੀਅਤ ਦਾ ਪਤਾ ਲੱਗ ਸਕੇ। ਸਵੈ-ਜੀਵਨੀ ਤਾਂ ਹੀ ਲੋਕਾਂ ਲਈ ਲਾਹੇਬੰਦ ਹੋ ਸਕਦੀ ਹੈ, ਜੇਕਰ ਸਮਾਜ ਨੂੰ ਕੋਈ ਪ੍ਰੇਰਨਾ ਦੇ ਸਕੇ। ਇਹ ਜੀਵਨੀ ਇਸ ਕਰਕੇ ਪ੍ਰੇਰਨਾਦਾਇਕ ਹੈ ਕਿਉਂਕਿ ਪ੍ਰੋ.ਕੁਲਬੀਰ ਸਿੰਘ ਦੀ ਜ਼ਿੰਦਗੀ ਜਦੋਜਹਿਦ ਵਾਲੀ ਹੈ। ਹਰ ਇਨਸਾਨ ਨੂੰ ਜਦੋਜਹਿਦ ਕਰਨ ਲਈ ਪ੍ਰੇਰਨਾ ਦਿੰਦੀ ਹੈ। ਉਸਨੇ ਇਸ ਪੁਸਤਕ ਦੇ ਛੋਟੇ-ਛੋਟੇ 62 ਚੈਪਟਰ ਬਣਾਏ ਹਨ। ਇਨ੍ਹਾਂ ਚੈਪਟਰਾਂ ਵਿੱਚ ਵੱਖ-ਵੱਖ ਸਮੇਂ ਕੀਤੇ ਕਾਰਜਾਂ ਦਾ ਵੇਰਵਾ ਹੈ। ਇਹ ਪੁਸਤਕ ਨਿਰੀ ਸਵੈੈ-ਜੀਵਨੀ ਵੀ ਨਹੀਂ, ਇੱਕ ਖੋਜੀ ਪੁਸਤਕ ਹੈ, ਜਿਸ ਵਿੱਚ ਬਹੁਤ ਸਾਰੇ ਖੇਤਰਾਂ ਦੀ ਬੇਸ਼ਕੀਮਤੀ ਜਾਣਕਾਰੀ ਹੈ। ਲੰਬੀ ਉਮਰ ਵਿੱਚ ਤੰਦਰੁਸਤ ਰੱਖਣ ਦੇ ਢੰਗ ਤਰੀਕੇ, ਜ਼ਿੰਦਗੀ ਨੂੰ ਖ਼ੂਬਸੂਰਤ ਰੱਖਣ, ਮੀਡੀਆ, ਸ਼ੋਸ਼ਲ ਮੀਡੀਆ, ਫੇਸ ਬੁਕ, ਵਟਸ ਅਪ, ਸਮਾਰਟ ਫ਼ੋਨ ਤੇ ਉਸਦੀ ਗ਼ੁਲਾਮੀ, ਗੂਗਲ ਮੈਪਸ, ਡਿਜਿਟਲ ਮੀਡੀਆ ਅਤੇ ਪ੍ਰਿੰਟ ਮੀਡੀਆ ਵਿੱਚ ਜੋ ਨਵੇਂ ਰੁਝਾਨ ਸ਼ੁਰੂ ਹੋਏ ਹਨ, ਉਨ੍ਹਾਂ ਬਾਰੇ ਵੀ ਬਾਰੀਕੀ ਅਤੇ ਤਫ਼ਸੀਲ ਨਾਲ ਜਾਣਕਾਰੀ ਦਿੱਤੀ ਹੈ। ਸ਼ੋਸ਼ਲ ਮੀਡੀਆ ਬਾਰੇ ਵਿਸਤਾਰ ਨਾਲ ਲਿਖਿਦਿਆਂ ਇਸਨੂੰ ਮਾਨਸਿਕ ਰੋਗ ਪੈਦਾ ਕਰਨ ਵਾਲਾ ਕਿਹਾ ਹੈ। ਨਵੀਆਂ ਤਕਨੀਕਾਂ ਅਲੈਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਲਾਭ ਤੇ ਨੁਕਸਾਨ ਹੈਰਾਨੀਜਨਕ ਹਨ। ਪ੍ਰੋ.ਕੁਲਬੀਰ ਸਿੰਘ ਦਾ ਗਿਆਨ ਤੇ ਜਾਣਕਾਰੀ ਦਾ ਖ਼ਜਾਨਾ ਵਿਸ਼ਾਲ ਹੈ। ਪ੍ਰੋ.ਕੁਲਬੀਰ ਸਿੰਘ ਨੇ ਮਹੱਤਵਪੂਰਨ ਸੈਰ ਸਪਾਟਾ ਥਾਵਾਂ ਦੀ ਸੈਰ ਕੀਤੀ ਤੇ ਮੁਲਾਂਕਣ ਕੀਤਾ ਹੈ, ਜਿਨ੍ਹਾਂ ਵਿੱਚ ਫਿਲਮ ਸਿਟੀ ਹੈਦਰਾਬਾਦ, ਮਸੂਰੀ ਅਤੇ ਜੰਮੂ 'ਤੇ ਕਸ਼ਮੀਰ ਬਾਰੇ ਲਿਖਿਆ ਹੈ। ਸੰਗੀਤ ਦੇ ਰੂਹ ਦੀ ਖ਼ੁਰਾਕ ਤੋਂ ਵਿਓਪਾਰ ਤੱਕ ਪਹੁੰਚਣ ਦਾ ਸਫਰ ਵੀ ਦੱਸਿਆ ਹੈ। 'ਮੇਰਾ ਜੀਵਨ ਮੇਰਾ ਅਨੁਭਵ' ਚੈਪਟਰ ਵਿੱਚ ਲੋਕਾਂ ਨੂੰ ਜੀਵਨ ਜਿਉਣ ਦੀ ਜਾਚ ਬਾਰੇ ਵਿਸਤਾਰ ਪੂਰਬਕ ਜਾਣਕਾਰੀ ਦਿੱਤੀ ਹੈ। ਜੇਕਰ ਲੋਕ ਜੀਵਨ ਜਾਚ ਦੇ ਇਨ੍ਹਾਂ ਢੰਗਾਂ 'ਤੇ ਅਮਲ ਕਰ ਲੈਣ ਤਾਂ ਹਰ ਇਨਸਾਨ ਆਪਣੀ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰ ਸਕਦਾ ਹੈ। ਇਹ ਚੈਪਟਰ ਸਭ ਤੋਂ ਵੱਡਾ ਤੇ ਸਭ ਤੋਂ ਮਹੱਤਵਪੂਰਨ ਹੈ। ਨਿਸ਼ਾਨਾ ਨਿਸਚਤ ਕਰਨਾ, ਮਿਹਨਤ ਕਰਨੀ, ਖ਼ੁਸ਼ ਰਹਿਣਾ, ਪੁਸਤਕਾਂ ਪੜ੍ਹਨੀਆਂ, ਹੌਂਸਲਾ ਨਾ ਹਾਰਨਾ, ਚੁਣੌਤੀ ਦਾ ਮੁਕਾਬਲਾ ਕਰਨਾ, ਰੁਝੇਵੇਂ ਰੱਖਣਾ, ਸੰਤੁਸ਼ਟ ਰਹਿਣਾ, ਕਿਸੇ ਦੀ ਸਫਲਤਾ ਤੇ ਖੁੰਦਕ ਨਾ ਖਾਣਾ, ਗਿਣਤੀ ਨਾਲੋਂ ਗੁਣਵਤਾ ਰੱਖਣਾ, ਸੰਗੀਤ ਸੁਣਨਾ, ਸਪਨੇ ਸਿਰਜਣਾ, ਪ੍ਰਤੀਕਰਮ ਨਾ ਦੇਣਾ, ਕਸਰਤ ਕਰਨਾ, ਬਹੁਤਾ ਸੋਚਣਾ ਨਾ, ਲੋਕਾਂ ਦੇ ਗੁਣਾਂ ਦੀ ਪ੍ਰਸੰਸਾ ਕਰਨਾ, ਸ਼ਾਂਤ ਰਹਿਣਾ, ਜਦੋਜਹਿਦ ਕਰਦੇ ਰਹਿਣਾ, ਗ਼ਲਤ ਨੂੰ ਸਹੀ ਨਾ ਕਹਿਣਾ, ਸਹੀ ਨੂੰ ਗ਼ਲਤ ਨਾ ਕਹਿਣਾ ਅਤੇ ਝੂਠ ਨਾ ਬੋਲਣਾ ਵਰਗੇ ਨੁਕਤਿਆਂ ਤੇ ਅਮਲ ਕਰਨ ਨਾਲ ਸਫਲਤਾ ਪੈਰ ਚੁੰਮੇਗੀ। ਬਚਪਨ ਦੀਆਂ ਯਾਦਾਂ, ਸਕੂਲ, ਕਾਲਜ ਅਤੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਮਿਹਨਤ ਦੇ ਨਤੀਜੇ ਦੇ ਸਿੱਟੇ ਵਜੋਂ ਹੋਣੀਆਂ ਨੌਜਵਾਨੀ ਲਈ ਰਾਹ ਦਸੇਰਾ ਬਣਨਗੀਆਂ। ਯੂਨੀਵਰਸਿਟੀਆਂ ਦੀਆਂ ਸਿਆਸਤਾਂ ਵਿਦਿਆਰਥੀਆਂ ਦੀ ਕਾਬਲੀਅਤ ਦੀ ਬਲੀ ਦੇ ਦਿੰਦੀਆਂ ਹਨ। ਮੈਰਿਟ ਅਣਡਿਠ ਨਹੀਂ ਕੀਤੀ ਜਾ ਸਕਦੀ ਭਾਵੇਂ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਫ਼ਤਰਾਂ ਦੇ ਅਧਿਕਾਰੀਆਂ ਅਤੇ ਬਾਬੂਆਂ ਦੀਆਂ ਕਿੜਾਂ ਕੱਢਣ ਦੀਆਂ ਰੁਚੀਆਂ ਬਾਰੇ ਵੀ ਲਿਖਿਆ। ਪਹਿਲਾਂ ਪ੍ਰਾਈਵੇਟ ਕਾਲਜਾਂ ਵਿੱਚ ਨੌਕਰੀ ਕੀਤੀ ਤੇ ਫਿਰ ਸਰਕਾਰੀ ਕਾਲਜਾਂ ਵਿੱਚ। ਨੌਕਰੀ ਸਮੇਂ ਬਦਲੀਆਂ ਦੀ ਸਿਆਸਤ ਬਾਰੇ ਵੀ ਜਾਣਕਾਰੀ ਦਿੱਤੀ ਗਈ, ਕਿਸ ਪ੍ਰਕਾਰ ਪਹਿਲੇ ਦਰਜੇ 'ਤੇ ਆਉਣ 'ਤੇ ਵੀ ਬਦਲੀਆਂ ਸਮੇਂ ਸਿਆਸਤ ਚਲਦੀ ਰਹੀ। 1987 ਵਿੱਚ ਜਲੰਧਰ ਬਦਲਕੇ ਆਇਆ ਤੇ ਫਿਰ ਦੂਰਦਰਸ਼ਨ ਦਾ ਰਾਹ ਖੁਲ੍ਹਿਆ। ਪਹਿਲਾਂ ਪੋਜੇਵਾਲ ਤੇ ਫਿਰ 1993 ਵਿੱਚ ਆਰਟਸ ਤੇ ਸਪੋਰਟਸ ਕਾਲਜ ਜਲੰਧਰ ਵਿੱਚ ਨੌਕਰੀ ਜਾਇਨ ਕੀਤੀ। ਨੌਕਰੀ ਵਿੱਚ ਹੀ ਦੂਰਦਰਸ਼ਨ ਸੰਬੰਧੀ 'ਟੈਲੀਵਿਜ਼ਨ ਸਮੀਖਿਆ ਕਾਲਮ' ਲਿਖਣ ਦਾ ਕੰਮ ਸ਼ੁਰੂ ਹੋਇਆ ਤੇ ਫਿਰ ਆਪਣੀ ਮਿਹਨਤ ਨਾਲ ਨਵੇਂ ਖੇਤਰ ਵਿੱਚ ਵੀ ਅਜਿਹਾ ਨਾਮਣਾ ਖੱਟਿਆ, ਜਿਸਨੇ ਦੇਸ਼ ਵਿਦੇਸ਼ ਵਿੱਚ ਪਹਿਚਾਣ ਬਣਾ ਦਿੱਤੀ। ਇਸ ਦਾ ਅਰਥ ਇਹ ਹੈ ਕਿ ਕੰਮ ਭਾਵੇਂ ਕੋਈ ਵੀ ਹੋਵੇ ਪ੍ਰੋ.ਕੁਲਬੀਰ ਸਿੰਘ ਦੀ ਤਰ੍ਹਾਂ ਮਿਹਨਤ, ਦਿਆਨਤਦਾਰੀ, ਲਗਨ ਤੇ ਦ੍ਰਿੜ੍ਹਤਾ ਵਰਗੀਆਂ ਆਦਤਾਂ ਹੋਣ ਤਾਂ ਸਫਲਤਾ ਨੂੰ ਕੋਈ ਰੋਕ ਨਹੀਂ ਸਕਦਾ। ਟੈਲੀਵਿਜ਼ਨ ਦੀ ਸਮੀਖਿਆ ਨੇ ਇਨ੍ਹਾਂ ਅਦਾਰਿਆਂ ਨਾਲ ਸੰਬੰਧਤ ਸੈਮੀਨਾਰ, ਵਿਸ਼ਵ ਪੰਜਾਬੀ ਮੀਡੀਆ ਕਾਨਫਰੰਸਾਂ ਆਯੋਜਤ ਕਰਨ, ਗਲੋਬਲ ਮੀਡੀਆ ਅਕੈਡਮੀ ਦੀ ਸਥਾਪਨਾ ਤੇ ਚੇਅਰਮੈਨੀ ਕਰਨ ਦਾ ਇਤਫਾਕ ਬਣਿਆਂ, ਜਿਸਨੇ ਅਧਿਆਪਕ ਦੀ ਪਹਿਚਾਣ ਨੂੰ ਮੀਡੀਆ ਆਲੋਚਕ ਵਿੱਚ ਬਦਲਕੇ ਸੰਸਾਰ ਵਿੱਚ ਨਾਮ ਚਮਕਣ ਲਾ ਦਿੱਤਾ। ਇਹ ਤਾਂ ਹੀ ਸੰਭਵ ਹੋਇਆ ਜੇਕਰ ਸਹੀ ਤੱਥਾਂ ਅਤੇ ਸਬੂਤਾਂ ਸਮੇਤ ਸਮੀਖਿਆ ਕੀਤੀ ਗਈ। ਸਚਾਈ ਦਾ ਪੱਲਾ ਫੜੀ ਰੱਖਿਆ। ਪਾਠਕਾਂ ਨੂੰ ਗ਼ਲਤ ਰਾਹ ਪੈਣ ਤੋਂ ਵਰਜਿਆ। ਕਾਲਮਨਵੀਸੀ ਨੇ ਨਵੇਂ ਰਾਹ ਖੋਲ੍ਹੇ, ਜਿਸ ਕਰਕੇ ਖੋਜ ਪੇਪਰ ਲਿਖੇ ਅਤੇ ਛਪਵਾਏ ਗਏ, ਜੋ ਇਤਿਹਾਸ ਦਾ ਹਿੱਸਾ ਬਣੇ। 2000 ਲੇਖ ਵੱਖ-ਵੱਖ ਅਖ਼ਬਾਰਾਂ ਦਾ ਸ਼ਿੰਗਾਰ ਬਣੇ। ਪੱਤਰਕਾਰਤਾ, ਸਾਹਿਤਕ, ਸਮਾਜਿਕ, ਸਿਖਿਆ ਅਤੇ ਸਮੀਖਿਆ ਖੇਤਰ ਦੀਆਂ ਵੱਡੀਆਂ ਹਸਤੀਆਂ ਨਾਲ ਤਾਲ ਮੇਲ ਦੇ ਮੌਕੇ ਮਿਲੇ। ਦੇਸ਼-ਵਿਦੇਸ਼ ਵਿੱਚ ਵਿਚਰਣ ਦੇ ਮੌਕੇ ਮਿਲਦੇ ਰਹੇ। ਇਹ ਸਾਰਾ ਕੁਝ ਪਤਨੀ ਪ੍ਰੋ੍ ਕਵਲਜੀਤ ਕੌਰ ਅਤੇ ਪਰਿਵਾਰ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ। ਇਸ ਸਵੈ-ਜੀਵਨੀ ਤੋਂ ਇਹ ਇਹ ਸਿਖਿਆ ਮਿਲਦੀ ਹੈ ਕਿ ਕਦੀ ਕਿਸੇ ਕੰਮ ਨੂੰ ਔਖਾਂ ਜਾਂ ਨਵਾਂ ਸਮਝ ਕੇ ਇਨਕਾਰ ਨਾ ਕਰੋ, ਸਗੋਂ ਹੋਰ ਕਈ ਨਵੇਂ ਰਾਹ ਖੁਲ੍ਹ ਸਕਦੇ ਹਨ। ਵੱਡੇ ਸਾਹਿਤਕਾਰਾਂ, ਕਲਾਕਾਰਾਂ ਅਤੇ ਸੰਗੀਤਕਾਰਾਂ ਨਾਲ ਬਤੌਰ ਐਂਕਰ ਇੰਟਰਵਿਊ ਕੀਤੀਆਂ, ਜਿਨ੍ਹਾਂ ਨੇ ਨਵੇਂ ਦਿਸਹੱਦੇ ਬਣਾਏ ਪ੍ਰੰਤੂ ਜਾਬਤੇ ਵਿੱਚ ਰਹਿਣ ਦਾ ਬਲ ਬਖ਼ਸ਼ਿਆ। ' ਇੱਕ ਖ਼ਬਰ:ਇੱਕ ਨਜ਼ਰ' ਲੰਬਾ ਸਮਾਂ ਵੱਖ-ਵੱਖ ਪੱਤਰਕਾਰਾਂ ਨਾਲ ਐਂਕਰ ਦੇ ਤੌਰ 'ਤੇ ਕੰਮ ਕੀਤਾ, ਜਿਸਦੇ ਤਜ਼ਰਬਿਆਂ ਨੇ ਗਿਆਨ ਵਿਸ਼ਾਲ ਕੀਤਾ। ਮੁਲਾਕਾਤਾਂ ਵਿੱਚ ਹਿੱਸਾ ਲੈਣ ਵਾਲਿਆਂ ਲਈ ਸਮੇਂ ਦੀ ਪਾਬੰਦੀ ਵੀ ਅਹਿਮੀਅਤ ਰੱਖਦੀ ਹੈ। ਕਈ ਸੰਜੀਦਾ ਵੀ ਨਹੀਂ ਹੁੰਦੇ, ਜਿਸ ਕਰਕੇ ਅਦਾਰੇ ਦੇ ਵਕਾਰ ਤੇ ਸੱਟ ਵੱਜਦੀ ਹੈ। ਇਨ੍ਹਾਂ ਇੰਟਰਵਿਊ ਨਾਲ ਮਾਹਿਰਾਂ ਦੀਆਂ ਦਿਲਚਸਪ ਪ੍ਰਾਪਤੀਆਂ ਦਾ ਪਤਾ ਲੱਗਾ ਤੇ ਪੁਸਤਕਾਂ ਪੜ੍ਹਨ ਵਿੱਚ ਦਿਲਚਸਪੀ ਬਣੀ ਰਹੀ। ਇਨ੍ਹਾਂ ਇੰਟਰਵਿਊ ਲਈ ਤਿਆਰੀ ਕਰਨ ਨਾਲ ਗਿਆਨ ਵਿੱਚ ਚੋਖਾ ਵਾਧਾ ਹੋਇਆ। ਜਲੰਧਰ ਦੂਰਦਰਸ਼ਨ ਵਿੱਚ ਪੰਜਾਬੀ ਦੇ ਚਾਹੁਣ ਵਾਲੇ ਕਈ ਨਿਰਦੇਸ਼ਕਾਂ ਨੇ ਪੰਜਾਬੀ ਦੀ ਪ੍ਰਫੁਲਤਾ ਲਈ ਪ੍ਰੋਗਰਾਮ ਉਲੀਕੇ। ਭਾਵੇਂ ਪ੍ਰੋ.ਕੁਲਬੀਰ ਸਿੰਘ ਨੂੰ ਇੱਕ ਦਰਜਨ ਮਾਨ ਸਨਮਾਨ ਵੀ ਮਿਲੇ ਪ੍ਰੰਤੂ ਉਨ੍ਹਾਂ ਭਾਸ਼ਾ ਵਿਭਾਗ ਦੇ ਸਨਮਾਨਾ ਲਈ ਸਿਫ਼ਾਰਸ਼ ਦਾ ਹੋਣਾ ਜ਼ਰੂਰੀ ਕਿਹਾ ਹੈ ਕਿਉਂਕਿ ਉਥੇ ਕਾਬਲੀਅਤ ਅਣਡਿਠ ਕੀਤੀ ਜਾਂਦੀ ਹੈ। ਉਨ੍ਹਾਂ ਦੂਰਦਰਸ਼ਨ ਅਤੇ ਰੇਡੀਓ ਦੇ ਪ੍ਰੋਗਰਾਮਾ ਅਤੇ ਐਂਕਰਾਂ ਦੀ ਕਾਰਗੁਜ਼ਾਰੀ ਵਿੱਚ ਆਈ ਗਿਰਾਵਟ ਤੇ ਚਿੰਤਾ ਪ੍ਰਗਟ ਕੀਤੀ ਹੈ। ਦੂਰਦਰਸ਼ਨ ਦੇ ਪ੍ਰੋਗਰਾਮਾ ਵਿੱਚ ਸਾਹਿਤ ਤੇ ਸੰਗੀਤ ਸੰਬੰਧੀ ਕੋਈ ਪ੍ਰੋਗਰਾਮ ਨਹੀਂ ਜਦੋਂ ਕਿ ਸਾਹਿਤ ਤੇ ਸੰਗੀਤ ਰੂਹ ਦੀ ਖ਼ੁਰਾਕ ਹੁੰਦੇ ਹਨ। ਅਜੋਕੇ ਸਮੇਂ ਟੈਲੀਵਿਜ਼ਨ ਦੇ ਪ੍ਰੋਗਰਾਮਾ ਦੀ ਗੁਣਵਤਾ ਦੀ ਥਾਂ ਗਿਣਤੀ ਤੇ ਜ਼ੋਰ ਹੈ। ਪ੍ਰੋਗਰਾਮ ਟੀ.ਆਰ.ਪੀ.ਲੈਣ ਦੇ ਮੰਤਵ ਨਾਲ ਉਲੀਕੇ ਜਾਂਦੇ ਹਨ। ਡਿਸਕਵਰੀ ਚੈਨਲ ਬਹੁਤ ਹੀ ਲਾਭਦਾਇਕ ਹਨ। ਵਿਦੇਸ਼ਾਂ ਵਿੱਚ ਪੰਜਾਬੀ ਦੀ ਬੱਲੇ-ਬੱਲੇ ਹੈ। ਪਰਵਾਸੀ ਪੰਜਾਬੀ ਮੀਡੀਆ ਦਾ ਯੋਗਦਾਨ ਵਰਣਨਯੋਗ ਹੈ। ਸੁਚਾਰੂ ਜ਼ਿੰਦਗੀ ਜਿਓਣ ਲਈ ਮਨ ਦੀ ਸ਼ਾਂਤੀ ਜ਼ਰੂਰੀ ਤੇ ਨਾਲ ਹੀ ਲੜਾਈ ਝਗੜੇ ਤੋਂ ਦੂਰ ਰਹਿਣ ਦੀ ਤਾਕੀਦ ਵੀ ਕੀਤੀ ਹੈ। ਉਨ੍ਹਾਂ ਪੰਜਾਬ ਸਰਕਾਰ ਦੀ ਖੇਡਾਂ ਦੀ ਸਰਪ੍ਰਸਤੀ ਤੋਂ ਪਾਸਾ ਵੱਟਣ 'ਤੇ ਅਫਸੋਸ ਪ੍ਰਗਟ ਕੀਤਾ ਹੈ। ਲਾਕ ਡਾਊਨ ਦੇ ਲਾਭ ਤੇ ਨੁਕਸਾਨ ਵੀ ਦੱਸੇ ਗਏ ਹਨ। ਉਨ੍ਹਾਂ ਉਸ ਸਮੇਂ ਦੌਰਾਨ 4 ਪੁਸਤਕਾਂ 'ਤੇ ਕੰਮ ਕੀਤਾ।Êਪ੍ਰੋ.ਕੁਲਬੀਰ ਸਿੰਘ ਨੇ ਵਿਰਾਸਤੀ ਘਰਾਂ ਅਤੇ ਕਾਰਾਂ ਦੇ ਆਪਣੇ ਸ਼ੌਂਕ ਬਾਰੇ ਬਾਖੂਬੀ ਵਰਣਨ ਕੀਤਾ ਹੈ, ਜਿਸ ਤੋਂ ਸਬਕ ਮਿਲਦਾ ਹੈ ਕਿ ਜ਼ਿੰਦਗੀ ਦਾ ਲੁਤਫ਼ ਲੈਣਾ ਚਾਹੀਦਾ ਹੈ। ਕੁਲਬੀਰ ਸਿੰਘ ਦਾ ਜਨਮ 15 ਜਨਵਰੀ 1957 ਨੂੰ ਚਾਨਣ ਸਿੰਘ ਦੇ ਘਰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਛੱਜਲਵੱਡੀ ਵਿੱਚ ਹੋਇਆ। ਬਚਪਨ ਵਿੱਚ ਹੀ ਮਾਂ ਸਵਰਗ ਸਿਧਾਰ ਗਈ ਸੀ। ਮੁੱਢਲੀ ਪੜ੍ਹਾਈ ਦਸਵੀਂ ਤੱਕ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਬੀ.ਏ. ਮੋਦੀ ਕਾਲਜ ਪਟਿਆਲਾ ਤੋਂ ਐਮ.ਏ.ਪੰਜਾਬੀ ਆਨਰਜ਼ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਫਸਟ ਆ ਕੇ ਗੋਲਡ ਮੈਡਲ ਨਾਲ 1979 ਵਿੱਚ ਪਾਸ ਕੀਤੀ। ਐਮ.ਫਿਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ। ਇੱਕ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ।

288 ਪੰਨਿਆਂ, 200 ਰੁਪਏ ਭਾਰਤੀ ਅਤੇ 5 ਸ਼ਲੰਗ ਕੀਮਤ ਵਾਲੀ ਇਹ ਪੁਸਤਕ ਕੈਫ਼ੇ ਵਰਲਡ ਬਠਿੰਡਾ ਅਤੇ ਜਲੰਧਰ ਨੇ ਪ੍ਰਕਾਸ਼ਤ ਕੀਤੀ ਹੈ।